# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

**ਵੱਲ** **(ਵੈਬ-ਸਾਇਟ ਰਾਹੀਂ)**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**

**ਪੰਜਾਬ ।**

ਮੀਮੋ ਨੰ: 2025/ਐਨ.ਐਸ.ਕਿਉ.ਐਫ (286936)6512 ਮਿਤੀ: 05/03/2025

**ਵਿਸ਼ਾ:- ਸਾਲ 2024-25 ਦੀ 12ਵੀਂ ਜਮਾਤ ਦੇ ਚੁਣੇ ਗਏ ਵਿਦਿਆਰਥੀਆਂ ਲਈ Apprenticeship Program ਸ਼ੁਰੂ ਕਰਨ ਅਤੇ ਇਸ ਲਈ ਭੇਜੀ ਗਈ ਗ੍ਰਾਂਟ ਖਰਚਣ ਸਬੰਧੀ ਹਦਾਇਤਾਂ।**

1.0 ਵੋਕੇਸ਼ਨਲ ਟ੍ਰੇਨਰਾਂ ਤੋਂ ਇਕੱਤਰ ਕੀਤੇ ਗਏ ਡਾਟੇ ਅਨੁਸਾਰ ਉਪਰੋਕਤ ਵਿਸ਼ਾ ਅਧੀਨ ਗਤੀਵਿਧੀ ਲਈ ਹੇਠ ਦਿੱਤੇ ਟੇਬਲ ਅਨੁਸਾਰ ਆਪ ਦੇ ਜ਼ਿਲੇ ਨੂੰ ਗ੍ਰਾਂਟ ਭੇਜੀ ਗਈ ਹੈ:-

| S. No. | Name Of District | No of students | Unit Cost to be disbursed | Total amount to be disbursed to the districts |
|---|---|---|---|---|
| 1 | Amritsar | 252 | 3000 | 756000 |
| 2 | Barnala | 78 | 3000 | 234000 |
| 3 | Bathinda | 203 | 3000 | 609000 |
| 4 | Faridkot | 76 | 3000 | 228000 |
| 5 | Fatehgarh Sahib | 105 | 3000 | 315000 |
| 6 | Fazilka | 140 | 3000 | 420000 |
| 7 | Ferozepur | 94 | 3000 | 282000 |
| 8 | Gurdaspur | 158 | 3000 | 474000 |
| 9 | Hoshiarpur | 134 | 3000 | 402000 |
| 10 | Jalandhar | 213 | 3000 | 639000 |
| 11 | Kapurthala | 111 | 3000 | 333000 |
| 12 | Ludhiana | 153 | 3000 | 459000 |
| 13 | Malerkotla | 29 | 3000 | 87000 |
| 14 | Mansa | 148 | 3000 | 444000 |
| 15 | Moga | 112 | 3000 | 336000 |
| 16 | Muktsar Sahib | 139 | 3000 | 417000 |
| 17 | Pathankot | 85 | 3000 | 255000 |
| 18 | Patiala | 211 | 3000 | 633000 |
| 19 | Roopnagar | 107 | 3000 | 321000 |
| 20 | Sangrur | 149 | 3000 | 447000 |
| 21 | SAS Nagar | 94 | 3000 | 282000 |
| 22 | SBS Nagar | 95 | 3000 | 285000 |
| 23 | Tarn Taran | 114 | 3000 | 342000 |
| | **Grand Total** | **3000** | | **9000000** |

2.0 ਉਕਤ ਗ੍ਰਾਂਟ ਇਸ ਸਾਲ 12ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚੋਂ ਚੁਣੇ ਗਏ ਵਿਦਿਆਰਥੀਆਂ ਨੂੰ ਉਹਨਾਂ ਦੇ ਰੁਝਾਨ ਅਨੁਸਾਰ Apprenticeship ਟ੍ਰੇਨਿੰਗ ਦਵਾਉਣ ਤੇ ਖਰਚੀ ਜਾਣੀ ਹੈ।

3.0 ਵਿਭਾਗ ਵੱਲੋਂ ਆਪ ਨੂੰ 1500/-ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ **(2 ਮਹੀਨਿਆਂ ਲਈ ਕੁੱਲ ਰਕਮ 3000/-ਰੁਪਏ)** ਦੀ ਗ੍ਰਾਂਟ ਭੇਜੀ ਗਈ ਹੈ। ਜਿਸ ਦੁਕਾਨ/ਅਦਾਰੇ ਵਿੱਚ ਵਿਦਿਆਰਥੀ ਦੀ Apprenticeship ਕਰਵਾਈ ਜਾਣੀ ਹੈ, ਉਸ ਦੁਕਾਨ/ਅਦਾਰੇ ਵੱਲੋਂ ਵਿਦਿਆਰਥੀ ਨੂੰ 1500/-ਰੁਪਏ ਪ੍ਰਤੀ ਮਹੀਨਾ matching contribution ਵੱਜੋਂ stipend ਦੇਣਾ ਲਾਜ਼ਮੀ ਹੋਵੇਗਾ ਤਾਂ ਜੋ ਵਿਦਿਆਰਥੀ ਨੂੰ Apprenticeship ਦੌਰਾਨ ਹਰ ਮਹੀਨੇ ਕੁੱਲ **3000/-**ਰੁਪਏ stipend ਮਿਲ ਸਕੇ।

4.0 ਵਿਦਿਆਰਥੀਆਂ ਦੀ ਚੋਣ ਉਹਨਾਂ ਦੇ aptitude ਅਨੁਸਾਰ ਕੀਤੀ ਜਾਵੇ। ਸਬੰਧਤਾਂ ਨਾਲ ਹੋਈਆਂ **ਆਨ ਲਾਇਨ** ਮੀਟਿੰਗਾਂ ਦੇ ਵਿੱਚ ਵਿਦਿਆਰਥੀਆਂ ਦੀ ਚੋਣ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾ ਚੁੱਕੀ ਹੈ। **(ਹਰ ਵੋਕੇਸ਼ਨਲ ਟ੍ਰੇਨਰ (VT) ਆਪਣੀ ਜਮਾਤ ਦੇ ਉਹੀ ਵਿਦਿਆਰਥੀ Apprenticeship training ਲਈ ਚੁਣੇਗਾ ਜਿਹੜੇ 12ਵੀਂ ਜਮਾਤ ਤੋਂ ਬਾਅਦ Apprenticeship ਲਈ ਇਛੁੱਕ ਹੋਣਗੇ।**

5.0 ਇਸੇ ਤਰ੍ਹਾਂ ਦੁਕਾਨ/ਅਦਾਰਾ ਉਹੀ ਚੁਣਿਆ ਜਾਵੇ ਜਿੱਥੇ Apprenticeship ਲਈ ਜਗ੍ਹਾ (vacancy) ਹੋਵੇ ਅਤੇ ਉਹ Apprenticeship ਦੇਣ ਲਈ ਇੱਛੁਕ ਹੋਵੇ। ਕਿਉਂਕਿ ਪ੍ਰੋਗਰਾਮ ਦੀ ਸਫਲਤਾ ਇਸੇ ਤੋਂ ਪਰਖੀ ਜਾਵੇਗੀ ਕਿ ਕਿਸ VTP ਦੇ ਕਿੰਨੇ ਵਿਦਿਆਰਥੀ Apprenticeship ਪ੍ਰੋਗਰਾਮ ਤੋਂ ਬਾਅਦ ਸਬੰਧਤ ਦੁਕਾਨ/ਅਦਾਰੇ ਵਿੱਚ absorb ਹੋ ਗਏ।

6.0 Apprenticeship ਦੇ ਪਹਿਲੇ 2 ਮਹੀਨੇ ਪੂਰੇ ਹੋਣ ਤੋਂ ਬਾਅਦ ਕੰਪਨੀ ਅਤੇ ਵਿਦਿਆਰਥੀ ਦੇ ਆਪਸੀ ਤਾਲ-ਮੇਲ ਨਾਲ ਇਹ Apprenticeship ਦੀ ਮਿਆਦ ਅੱਗੇ ਵਧਾਈ ਜਾ ਸਕਦੀ ਹੈ, ਪਰੰਤੂ ਇਸ ਲਈ ਵਿਦਿਆਰਥੀਆਂ ਨੂੰ ਸਬੰਧਤ ਦੁਕਾਨ/ਅਦਾਰੇ ਵੱਲੋਂ ਹੀ ਕੁੱਲ 3000 ਰੁਪਏ/-ਪ੍ਰਤੀ ਮਹੀਨਾ stipend ਦੇਣਾ ਹੋਵੇਗਾ। ਵਿਭਾਗ ਵੱਲੋਂ ਇਸ ਵਿੱਚ ਕੋਈ ਯੋਗਦਾਨ ਨਹੀਂ ਪਾਇਆ ਜਾਵੇਗਾ।

7.0 ਇਸ ਕਾਰਜ ਲਈ ਚੁਣੇ ਗਏ ਵਿਦਿਆਰਥੀਆਂ ਤੋਂ consent ਫਾਰਮ ਭਰਵਾਉਣਾ ਯਕੀਨੀ ਬਣਾਇਆ ਜਾਵੇ।

8.0 ਇਸ ਕਾਰਜ ਦੀ ਤਿਆਰੀ ਤੁਰੰਤ ਸ਼ੁਰੂ ਕਰ ਦਿੱਤੀ ਜਾਵੇ ਅਤੇ 12ਵੀਂ ਦੀਆਂ ਸਲਾਨਾ ਪ੍ਰੀਖਿਆਵਾਂ ਮੁਕੰਮਲ ਹੋਣ ਉਪਰੰਤ Apprenticeship ਟ੍ਰੇਨਿੰਗ ਅਪ੍ਰੈਲ-ਮਈ-ਜੂਨ ਵਿੱਚ ਕਰਵਾ ਦਿੱਤੀ ਜਾਵੇ। ਇਸ ਕਾਰਜ ਲਈ ਖਰਚਾ ਢੁੱਕਵੇਂ ਤਰੀਕੇ ਨਾਲ ਇਸ ਸਾਲ ਦੇ ਖਰਚਿਆਂ ਵਿੱਚ ਬੁੱਕ ਕਰ ਲਿਆ ਜਾਵੇ।

9.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਰਾਸ਼ੀ ਖਰਚ ਕਰਨ ਤੋਂ ਬਾਅਦ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ, ਪੰਜਾਬ।**